# ਕਮਿਊਨਿਟੀ ਦੀ ਰਾਏ ਲਈ ਵੋਟ-ਪਰਚੀ (ਸਿਰਫ਼ ਨਮੂਨਾ)

**ਇਸ ਅਨੁਵਾਦ ਬਾਰੇ ਮਹੱਤਵਪੂਰਨ ਜਾਣਕਾਰੀ**

*ਇਹ ਅਨੁਵਾਦ ਕੀਤਾ ਰੂਪ ਸਥਾਨਕ ਸਰਕਾਰ ਦੀਆਂ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਕਮਿਊਨਿਟੀ ਓਪੀਨੀਅਨ ਬੈਲਟ (ਭਾਈਚਾਰੇ ਦੀ ਰਾਏ ਲਈ ਵੋਟ-ਪਰਚੀ) ਨੂੰ ਸਮਝਣ ਵਿੱਚ ਮਦਦ ਕਰਨ ਲਈ ਮੁਹੱਈਆ ਕਰਵਾਇਆ ਗਿਆ ਹੈ ਅਤੇ ਇਸ ਦੀ ਵਰਤੋਂ ਵੋਟ ਪਾਉਣ ਲਈ ਨਹੀਂ ਕੀਤੀ ਜਾ ਸਕਦੀ। ਚੋਣਾਂ ਲਈ ਅਧਿਕਾਰਤ ਬੈਲਟ **ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ** ਹੀ ਉਪਲਬਧ ਹੋਣਗੇ। ਜੇਕਰ ਤੁਹਾਨੂੰ ਚੋਣਾਂ ਵੇਲੇ ਅਨੁਵਾਦ ਸਬੰਧੀ ਮਦਦ ਦੀ ਲੋੜ ਹੈ, ਤਾਂ ਤੁਸੀਂ ਆਪਣੀ ਸਹਾਇਤਾ ਲਈ ਕਿਸੇ ਵਿਅਕਤੀ ਨੂੰ ਆਪਣੇ ਨਾਲ ਲਿਆ ਸਕਦੇ ਹੋ।*

**ਜੇਕਰ ਇਸ ਅਨੁਵਾਦ ਹੋਏ ਦਸਤਾਵੇਜ਼ ਅਤੇ ਅੰਗਰੇਜ਼ੀ ਵਿੱਚ ਅਧਿਕਾਰਤ ਬੈਲਟ (ਵੋਟ-ਪਰਚੀ) ਦੀ ਸ਼ਬਦਾਵਲੀ ਵਿੱਚ ਕੋਈ ਅੰਤਰ ਹੁੰਦਾ ਹੈ, ਤਾਂ ਅੰਗਰੇਜ਼ੀ ਬੈਲਟ ਹੀ ਅਧਿਕਾਰਤ ਸੰਸਕਰਨ ਮੰਨਿਆ ਜਾਵੇਗਾ।**

---

## ਜਾਣ-ਪਛਾਣ

ਜਿਵੇਂ-ਜਿਵੇਂ ਸਾਡੀ ਆਬਾਦੀ ਲਗਾਤਾਰ ਵਧਦੀ ਜਾ ਰਹੀ ਹੈ, ਲੈਂਗਲੀ ਸਿਟੀ ਦੋ ਵੱਡੀਆਂ ਕਮਿਊਨਿਟੀ ਇਮਾਰਤਾਂ (ਫੈਸਿਲਿਟੀਜ਼) ਵਿੱਚ ਨਿਵੇਸ਼ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਸ ਪਹਿਲਕਦਮੀ ਨੂੰ ਇਨਵੈਸਟ ਲੈਂਗਲੀ ਸਿਟੀ ਕਿਹਾ ਜਾਂਦਾ ਹੈ। ਸਿਟੀ ਭਵਿੱਖ ਵਿੱਚ ਉਧਾਰ ਲੈਣ ਅਤੇ ਹੋਰ ਸੰਭਾਵੀ ਫੰਡਾਂ ਦੇ ਵਸੀਲਿਆਂ ਜਿਵੇਂ ਕਿ ਸਰਕਾਰੀ ਗਰਾਂਟਾਂ, ਦਾਨ, ਡਿਵੈਲਪਰਾਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ, ਸਿਟੀ ਦੁਆਰਾ ਭਵਿੱਖ ਦੇ ਪ੍ਰੋਜੈਕਟਾਂ ਲਈ ਰੱਖੀ ਜਮ੍ਹਾਂ ਰਾਸ਼ੀ, ਕੈਸੀਨੋ ਤੋਂ ਹੋਣ ਵਾਲੀ ਆਮਦਨ ਅਤੇ ਵਰਤੋਂ ਕਰਨ ਵਾਲਿਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਦੀ ਵਰਤੋਂ ਨਵੀਂਆਂ ਇਮਾਰਤਾਂ ਨੂੰ ਫੰਡ ਦੇਣ ਲਈ ਕਰੇਗੀ।

ਲੈਂਗਲੀ ਸਿਟੀ ਵੋਟਰਾਂ ਨੂੰ ਇਹਨਾਂ ਸੰਭਾਵੀ ਕਮਿਊਨਿਟੀ ਦੇ ਨਿਵੇਸ਼ ਵਾਲੀਆਂ ਇਮਾਰਤਾਂ ਬਾਰੇ ਕਮਿਊਨਿਟੀ ਦੀ ਰਾਏ ਲੈਣ ਲਈ ਗੈਰ-ਬਾਈਡਿੰਗ ਵੋਟ ਪਾਉਣ ਲਈ ਸੱਦਾ ਦਿੰਦੀ ਹੈ।

ਨਤੀਜੇ ਪ੍ਰਸਤਾਵਿਤ ਪ੍ਰੋਜੈਕਟਾਂ ਬਾਰੇ ਭਵਿੱਖ ਵਿੱਚ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਆਉਣ ਵਾਲੀ ਕੌਂਸਲ ਨੂੰ ਸੂਚਿਤ ਕਰਨ ਵਿੱਚ ਮਦਦ ਕਰਨਗੇ, ਜਿਸ ਵਿੱਚ ਨਿਰੰਤਰ ਯੋਜਨਾਬੰਦੀ ਅਤੇ ਸੰਭਾਵੀ ਫੰਡਾਂ ਦੀਆਂ ਚੋਣਾਂ ਨੂੰ ਪੱਕਿਆਂ ਕਰਨਾ ਸ਼ਾਮਲ ਹੈ। ਜੇਕਰ ਨਵੀਂ ਕੌਂਸਲ ਕਿਸੇ ਵੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਫੈਸਲਾ ਕਰਦੀ ਹੈ, ਤਾਂ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਭਵਿੱਖ ਵਿੱਚ ਬਾਈਡਿੰਗ ਵੋਟ (ਜਿਸ ਦੇ ਨਤੀਜਿਆਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ) ਹੋਵੇਗੀ।

**ਤੁਹਾਡੀ ਭਾਗੀਦਾਰੀ ਸਵੈਇੱਛਿਤ ਹੈ ਅਤੇ ਹੋਣ ਵਾਲੀਆਂ ਆਮ ਚੋਣਾਂ ਤੋਂ ਅਲੱਗ ਹੈ।**

---

## ਨਿਵੇਸ਼ ਦੇ ਵੇਰਵੇ ਅਤੇ ਟੈਕਸ ਦੇ ਪ੍ਰਭਾਵ

### ਨਿਵੇਸ਼ ਲਈ ਚੋਣ 1

**ਅਲ ਐਂਡਰਸਨ ਮੈਮੋਰੀਅਲ ਪੂਲ ਐਕਸਪੈਨਸ਼ਨ** ਵਿੱਚ ਇੱਕ ਨਵੀਂ ਇਮਾਰਤ ਸ਼ਾਮਲ ਹੈ ਜਿਸ ਵਿੱਚ ਸਟੀਮ ਰੂਮ ਅਤੇ ਸੌਨਾ, ਹੌਟ ਟੱਬ, ਮਨੋਰੰਜਨ ਪੂਲ ਅਤੇ ਕੱਪੜੇ ਬਦਲਣ ਵਾਲੇ ਕਮਰੇ (ਚੇਂਜ ਰੂਮ) ਹੋਣਗੇ। ਇਸ ਵਿੱਚ ਮੌਜੂਦਾ ਇਮਾਰਤ ਅਤੇ ਪੂਲ ਵਿੱਚ ਸੁਧਾਰ ਕਰਨਾ ਵੀ ਸ਼ਾਮਲ ਹੈ ਤਾਂ ਜੋ ਇਹ ਸਾਰਾ ਸਾਲ ਚੱਲ ਸਕੇ।

ਇਸ ਪ੍ਰਾਜੈਕਟ ਦੀ ਮੌਜੂਦਾ ਅਨੁਮਾਨਿਤ ਪੂੰਜੀਗਤ ਲਾਗਤ (ਕੈਪੀਟਲ ਕਾਸਟ) 73 ਮਿਲੀਅਨ ਡਾਲਰ ਹੈ। ਜੇਕਰ ਸਿਟੀ ਫੰਡਾਂ ਦੇ ਹੋਰ ਵਸੀਲੇ ਪ੍ਰਾਪਤ ਨਹੀਂ ਕਰ ਸਕਦੀ, ਤਾਂ ਘਰਾਂ ਦੇ ਮਾਲਕਾਂ 'ਤੇ ਟੈਕਸ ਦਾ ਬੋਝ **ਚਾਰ ਸਾਲਾਂ ਤੱਕ ਪ੍ਰਤੀ ਸਾਲ ਲਗਭਗ 2.95%** ਹੋਵੇਗਾ ਅਤੇ ਫਿਰ ਕਰਜ਼ੇ ਦੀ ਅਦਾਇਗੀ ਹੋਣ ਤੱਕ (ਤੀਹ (30) ਸਾਲਾਂ ਜਾਂ ਇਸ ਤੋਂ ਘੱਟ ਸਮੇਂ ਦੌਰਾਨ) ਇਹ ਉਸੇ ਪੱਧਰ 'ਤੇ ਬਣਿਆ ਰਹੇਗਾ।

- ਇੱਕ ਔਸਤ ਸਿੰਗਲ-ਫੈਮਲੀ ਘਰ ਲਈ: ਇਸ ਦਾ ਮਤਲਬ ਹੈ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 100 ਡਾਲਰਾਂ ਦਾ ਵਾਧਾ।**
- ਇੱਕ ਔਸਤ ਮਲਟੀ-ਫੈਮਲੀ (ਬਹੁ-ਪਰਿਵਾਰਕ) ਘਰ (ਜਿਸ ਵਿੱਚ ਮਾਲਕੀ ਵਾਲੇ ਕੰਡੋ ਵੀ ਸ਼ਾਮਲ ਹਨ) ਲਈ: ਇਸ ਦਾ ਮਤਲਬ ਹੈ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 45 ਡਾਲਰਾਂ ਦਾ ਵਾਧਾ।**
- ਕਮਰਸ਼ੀਅਲ ਪ੍ਰਾਪਰਟੀ (ਵਪਾਰਕ ਜਾਇਦਾਦ) ਦੇ ਮਾਲਕਾਂ ਨੂੰ ਵੀ ਭੁਗਤਾਨ ਕਰਨਾ ਪਵੇਗਾ। ਕਿਰਾਏਦਾਰ ਇਹ ਟੈਕਸ ਨਹੀਂ ਦੇਣਗੇ, ਲੇਕਿਨ ਟੈਕਸ ਦੇ ਅਸਰ ਮਕਾਨ ਮਾਲਕਾਂ ਦੁਆਰਾ ਵਸੂਲੇ ਜਾਣ ਵਾਲੇ ਕਿਰਾਏ ਦੀਆਂ ਦਰਾਂ 'ਤੇ ਪੈ ਸਕਦੇ ਹਨ।

### ਨਿਵੇਸ਼ ਲਈ ਚੋਣ 2

**ਟਿਮਸ ਕਮਿਊਨਿਟੀ ਸੈਂਟਰ ਐਕਸਪੈਨਸ਼ਨ ਦੇ ਨਾਲ ਨਾਲ ਨਵੇਂ ਪਰਫਾਰਮਿੰਗ ਆਰਟਸ ਐਂਡ ਕਲਚਰਲ ਸੈਂਟਰ** ਦੇ ਨਿਰਮਾਣ ਵਿੱਚ ਮੌਜੂਦਾ ਫਿਟਨੈਸ ਅਤੇ ਮਨੋਰੰਜਨ ਖੇਤਰ ਵਿੱਚ ਸੁਧਾਰ ਕਰਨਾ ਅਤੇ ਇਸ ਨੂੰ ਵਿਸ਼ਾਲ ਕਰਨਾ ਅਤੇ ਇੱਕ ਨਵਾਂ ਹਾਫ਼-ਜਿਮ (ਛੋਟਾ ਜਿਮ) ਬਣਾਉਣਾ ਸ਼ਾਮਲ ਹੈ। ਇਸ ਵਿੱਚ 500 ਸੀਟਾਂ ਵਾਲਾ ਪ੍ਰਦਰਸ਼ਨ ਥੀਏਟਰ ਜਿਸ ਵਿੱਚ ਖਾਣ-ਪੀਣ ਦੀ ਸਹੂਲਤ ਵੀ ਹੋਵੇਗੀ, ਬਹੁ-ਮੰਤਵੀ ਕਮਰੇ, ਇੱਕ ਗੈਲਰੀ ਅਤੇ ਪ੍ਰਦਰਸ਼ਨੀ ਸਥਾਨ, ਵਪਾਰਕ ਥਾਵਾਂ, ਇੱਕ ਬਾਹਰੀ ਪਲਾਜ਼ਾ ਅਤੇ ਅੰਡਰ ਗਰਾਂਊਂਡ ਪਾਰਕਿੰਗ ਵੀ ਸ਼ਾਮਲ ਹੈ।

ਮੌਜੂਦਾ ਅਨੁਮਾਨਿਤ ਪੂੰਜੀਗਤ ਲਾਗਤ (ਕੈਪੀਟਲ ਕਾਸਟ) 107 ਮਿਲੀਅਨ ਡਾਲਰ ਹੈ। ਜੇਕਰ ਸਿਟੀ ਫੰਡਾਂ ਦੇ ਹੋਰ ਵਸੀਲੇ ਪ੍ਰਾਪਤ ਨਹੀਂ ਕਰ ਸਕਦੀ, ਤਾਂ ਘਰਾਂ ਦੇ ਮਾਲਕਾਂ 'ਤੇ ਟੈਕਸ ਦਾ ਬੋਝ **ਚਾਰ ਸਾਲਾਂ ਤੱਕ ਪ੍ਰਤੀ ਸਾਲ ਲਗਭਗ 4.29%** ਹੋਵੇਗਾ ਅਤੇ ਫਿਰ ਕਰਜ਼ੇ ਦੀ ਅਦਾਇਗੀ ਹੋਣ ਤੱਕ (ਤੀਹ (30) ਸਾਲਾਂ ਜਾਂ ਇਸ ਤੋਂ ਘੱਟ ਸਮੇਂ ਦੌਰਾਨ) ਇਹ ਉਸੇ ਪੱਧਰ 'ਤੇ ਬਣਿਆ ਰਹੇਗਾ।

- ਇੱਕ ਔਸਤ ਸਿੰਗਲ ਫੈਮਲੀ ਘਰ ਲਈ: ਇਸ ਦਾ ਮਤਲਬ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 150 ਡਾਲਰਾਂ ਦਾ ਵਾਧਾ ਹੈ।**
- ਇੱਕ ਔਸਤ ਮਲਟੀ-ਫੈਮਲੀ ਘਰ (ਜਿਸ ਵਿੱਚ ਮਾਲਕੀ ਵਾਲੇ ਕੰਡੋ ਵੀ ਸ਼ਾਮਲ ਹਨ) ਲਈ: ਇਸ ਦਾ ਮਤਲਬ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 65 ਡਾਲਰਾਂ ਦਾ ਵਾਧਾ ਹੈ।**
- ਕਮਰਸ਼ੀਅਲ ਪ੍ਰਾਪਰਟੀ (ਵਪਾਰਕ ਜਾਇਦਾਦ) ਦੇ ਮਾਲਕਾਂ ਨੂੰ ਵੀ ਭੁਗਤਾਨ ਕਰਨਾ ਪਵੇਗਾ। ਕਿਰਾਏਦਾਰ ਇਹ ਟੈਕਸ ਨਹੀਂ ਦੇਣਗੇ, ਲੇਕਿਨ, ਟੈਕਸ ਦੇ ਅਸਰ ਮਕਾਨ-ਮਾਲਕਾਂ ਵੱਲੋਂ ਵਸੂਲੇ ਜਾਣ ਵਾਲੇ ਕਿਰਾਏ ਦੀਆਂ ਦਰਾਂ 'ਤੇ ਪੈ ਸਕਦੇ ਹਨ।

## ਨਿਵੇਸ਼ ਲਈ ਚੋਣ 3

ਜੇਕਰ ਸਿਟੀ **ਦੋਵੇਂ ਨਿਵੇਸ਼ਾਂ ਨੂੰ** ਅੱਗੇ ਵਧਾਉਂਦੀ ਹੈ ਅਤੇ ਫੰਡਾਂ ਲਈ ਹੋਰ ਵਸੀਲੇ ਪ੍ਰਾਪਤ ਨਹੀਂ ਕਰ ਸਕਦੀ, ਤਾਂ ਟੈਕਸ ਦਾ ਰਲਵਾਂ ਪ੍ਰਭਾਵ **ਚਾਰ ਸਾਲਾਂ ਲਈ ਪ੍ਰਤੀ ਸਾਲ ਲਗਭਗ 7.24%** ਹੋਵੇਗਾ ਅਤੇ ਫਿਰ ਕਰਜ਼ੇ ਦੀ ਅਦਾਇਗੀ ਹੋਣ ਤੱਕ ਇਹ ਉਸੇ ਤਰ੍ਹਾਂ ਬਣਿਆ ਰਹੇਗਾ।

- ਇੱਕ ਔਸਤ ਸਿੰਗਲ-ਫੈਮਲੀ ਘਰ ਲਈ: ਇਸ ਦਾ ਮਤਲਬ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 250 ਡਾਲਰਾਂ ਦਾ ਵਾਧਾ** ਹੈ।
- ਇੱਕ ਔਸਤ ਮਲਟੀ-ਫੈਮਲੀ ਘਰ (ਜਿਸ ਵਿੱਚ ਮਾਲਕੀ ਵਾਲੇ ਕੰਡੋ ਵੀ ਸ਼ਾਮਲ ਹਨ) ਲਈ: ਇਸ ਦਾ ਮਤਲਬ **ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪ੍ਰਤੀ ਸਾਲ ਲਗਭਗ 110 ਡਾਲਰਾਂ ਦਾ ਵਾਧਾ** ਹੈ।
- ਵਪਾਰਕ ਜਾਇਦਾਦ ਦੇ ਮਾਲਕਾਂ ਨੂੰ ਵੀ ਭੁਗਤਾਨ ਕਰਨਾ ਪਵੇਗਾ। ਕਿਰਾਏਦਾਰ ਇਹ ਟੈਕਸ ਨਹੀਂ ਦੇਣਗੇ, ਲੇਕਿਨ ਟੈਕਸ ਦੇ ਅਸਰ ਮਕਾਨ-ਮਾਲਕਾਂ ਦੁਆਰਾ ਵਸੂਲੇ ਜਾਣ ਵਾਲੇ ਕਿਰਾਏ ਦੀਆਂ ਦਰਾਂ 'ਤੇ ਪੈ ਸਕਦੇ ਹਨ।

## ਜਨਮਤ ਸਰਵੇਖਣ ਦੇ ਸਵਾਲ

**1.** ਕੀ ਤੁਸੀਂ ਅਲ ਐਂਡਰਸਨ ਮੈਮੋਰੀਅਲ ਪੂਲ ਐਕਸਪੈਨਸ਼ਨ ਨੂੰ ਅੱਗੇ ਵਧਾਉਣ ਵਿੱਚ ਲੈਂਗਲੀ ਸਿਟੀ ਦਾ ਸਮਰਥਨ ਕਰਦੇ ਹੋ, ਜਿਸ ਦੇ ਨਤੀਜੇ ਵਜੋਂ ਉੱਪਰ ਦੱਸੇ ਅਨੁਸਾਰ ਟੈਕਸ ਦੇ ਸੰਭਾਵੀ ਪ੍ਰਭਾਵ ਪੈਣਗੇ?

☐ ਹਾਂ ☐ ਨਹੀਂ

**2.** ਕੀ ਤੁਸੀਂ ਟਿਮਸ ਕਮਿਊਨਿਟੀ ਸੈਂਟਰ ਐਕਸਪੈਨਸ਼ਨ ਦੇ ਨਾਲ ਨਾਲ ਨਵੇਂ ਪਰਫਾਰਮਿੰਗ ਆਰਟਸ ਐਂਡ ਕਲਚਰਲ ਸੈਂਟਰ ਨੂੰ ਅੱਗੇ ਵਧਾਉਣ ਵਿੱਚ ਲੈਂਗਲੀ ਸਿਟੀ ਦਾ ਸਮਰਥਨ ਕਰਦੇ ਹੋ, ਜਿਸ ਦੇ ਨਤੀਜੇ ਵਜੋਂ ਉੱਪਰ ਦੱਸੇ ਅਨੁਸਾਰ ਟੈਕਸ ਦੇ ਸੰਭਾਵੀ ਪ੍ਰਭਾਵ ਪੈਣਗੇ?

☐ ਹਾਂ ☐ ਨਹੀਂ

**3.** ਕੀ ਤੁਸੀਂ ਅਲ ਐਂਡਰਸਨ ਮੈਮੋਰੀਅਲ ਪੂਲ ਐਕਸਪੈਨਸ਼ਨ 'ਅਤੇ' ਟਿਮਸ ਕਮਿਊਨਿਟੀ ਸੈਂਟਰ ਐਕਸਪੈਨਸ਼ਨ ਦੇ ਨਾਲ-ਨਾਲ ਇੱਕ ਨਵੇਂ ਪਰਫਾਰਮਿੰਗ ਆਰਟਸ ਅਤੇ ਕਲਚਰਲ ਸੈਂਟਰ ਨੂੰ ਅੱਗੇ ਵਧਾਉਣ ਵਿੱਚ ਲੈਂਗਲੀ ਸਿਟੀ ਦਾ ਸਮਰਥਨ ਕਰਦੇ ਹੋ, ਜਿਸ ਦੇ ਨਤੀਜੇ ਵਜੋਂ ਉੱਪਰ ਦੱਸੇ ਅਨੁਸਾਰ ਟੈਕਸ ਦੇ ਪ੍ਰਭਾਵ ਪੈਣਗੇ?

☐ ਹਾਂ ☐ ਨਹੀਂ

**4.** ਕੀ ਤੁਸੀਂ ਲੈਂਗਲੀ ਸਿਟੀ ਵਿੱਚ ਘਰ ਦੇ ਮਾਲਕ ਹੋ?

☐ ਹਾਂ ☐ ਨਹੀਂ

**5.** ਕੀ ਤੁਸੀਂ ਲੈਂਗਲੀ ਸਿਟੀ ਵਿੱਚ ਕੋਈ ਵਪਾਰਕ ਕਾਰੋਬਾਰ ਚਲਾਉਂਦੇ ਹੋ?

☐ ਹਾਂ ☐ ਨਹੀਂ

*ਭਾਗ ਲੈਣ ਲਈ ਸਮਾਂ ਕੱਢਣ ਵਾਸਤੇ ਤੁਹਾਡਾ ਧੰਨਵਾਦ।*